੧ ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

ਪ੍ਰੀਤ ਵੀਣਾ

ਕ੍ਰਿਤ ਕਰਤਾ 'ਰਾਣਾ ਸੁਰਤ ਸਿੰਘ' ਆਦਿ

ਛਪੀ
ਸੰਮਃ ਨਾਃ ੪੬੨
ਈਃ ੧੯੬੧ ਵਿਚ

KHALSA TRACT SOCIETY LAHORE LIBRARY
G-1101

ਦਫ਼ਤ੍ਰ ਖਾਲਿਸਾ ਸਮਾਚਾਰ ਅੰਮ੍ਰਿਤਸਰ ਤੋਂ ਮਿਲਦੀ ਹੈ।

ਪਹਲੀ ਵੇਰ } { ੨੫੦

ਕਾਪੀਰਾਈਟ ਦੇ ਸਭ ਹਕ ਕਰਤਾ ਜੀ ਦੇ ਰਾਖਵੇਂ ਹਨ

ਮੁਖ ਬੰਧ

ਇਹ 'ਪ੍ਰੀਤ ਵੀਣਾ', ਅਛੋਹ, ਪਰੀਆਂ ਵਰਗੀ ਨੂਰਾਨੀ ਤੇ ਅਪਣੇ ਅਕਹ ਸੁਹਜ ਦੇ ਨਾਚ ਵਿਚ ਨਚਦੀ ਇਕ ਕਵਿਤਾ ਹੈ, ਜਿਸ ਵਿਚ ਦੋ ਪ੍ਰੀਤਮਾਂ ਦੀ ਪ੍ਰੀਤ ਪੀੜਾ ਦਾ 'ਬਿਰਹੋਂ ਦੁਖ' ਤੇ 'ਸੁਹਾਗ ਸੰਜੋਗ' ਦਾ ਗਾਇਨ ਹੋ ਰਿਹਾ ਹੈ। ਇਹ ਨਾਜ਼ਕ ਅਟਖੇਲੀਆਂ ਕਰਦੀ ਕਵਿਤਾ ਇਕ ਸੁਪਨੇ ਵਰਗੇ ਸੋਹਣੇ ਰੰਗ ਰਸ ਦੀ ਖਿਰਨ ਹੈ ਜਿਸ ਵਿਚ ਅਨੇਕ ਤਰਬਾਂ ਰੂਹ ਦੀ ਡੂੰਘਾਈਆਂ ਵਿਚ ਗੂੰਜ ਰਹੀਆਂ ਹਨ।

* *
*

ਇਸ ਕਵਿਤਾ—ਪ੍ਰੀਤ ਵੀਣਾ—ਵਿਚ ਇਹ ਤਸਵੀਰ ਅੰਕਿਤ ਹੈ:— ਇਕ ਜ਼ਾਲਮ ਰਾਜੇ ਨੇ ਕਿਸੇ ਝੀਲ ਦੇ ਇਕ ਕਿਨਾਰੇ 'ਫੁਲ ਯੁਵਤੀ' ਨੂੰ ਅਤੇ ਦੂਜੇ ਕਿਨਾਰੇ 'ਚੰਨ ਗਭਰੂ' ਨੂੰ ਬੰਦੀ ਵਿਚ ਰੋਕ ਬਹਾਇਆ। ਆਸ ਇਹ ਸੀ ਕਿ ਸੁੰਦਰੀ ਚੰਨ ਨੂੰ ਛਡਕੇ ਰੀਂਗਦੇ ਮਕੌੜੇ ਵਲ ਖਿਚ ਖਾ ਖਿੜੇਗੀ, ਤੇ ਸੋਹਣਾ ਅਕ ਥਕ ਕੇ ਖਹਿੜਾ ਛੋੜ ਦੇਵੇਗਾ। ਪਹਿਰੇ ਲੱਗੇ ਹਨ, ਚਾਰ ਚੁਫੇਰੇ ਨਾਕੇ ਬੰਦ ਹਨ, ਫਿਰ ਅਜੀਬ ਘਟਨਾ ਹੁੰਦੀ ਹੈ, ਕਿ ਅੱਧੀ ਰਾਤ ਨੂੰ ਉਹ ਫੁਲ-ਅੰਗਨੀ ਯੁਵਤੀ ਤੇ ਉਹ ਚੰਨ-ਜੁਸੇ ਵਾਲਾ ਗਭਰੂ ਇਕ 'ਚੁਪ-ਰੰਗ-ਰਾਗ' ਵਿਚ ਮਿਲਦੇ ਹਨ। ਜੁਸੇ ਦੋਹਾਂ ਦੇ ਪ੍ਰੀਤ-

ਪੀੜਾ ਦੀ ਕਰਾਮਾਤ ਨਾਲ ਮਾਨੋਂ ਰੂਹ ਹੋ ਚੁਕੇ ਹਨ। ਕੋਈ ਬਾਦੇ-ਸ਼ੁਰਤ (ਨਛੱਤ੍ਰੀ ਹਵਾ) ਆਉਂਦੀ ਹੈ, ਉਹ ਸੁੰਦਰੀ ਦੀ ਕਿਸ਼ਤੀ ਨੂੰ ਸੱਜਨ ਵਲ ਰੁਮਕ ਕੇ ਲੈ ਜਾਂਦੀ ਹੈ, ਮਾਨੋਂ ਕਿਸ਼ਤੀ ਵੀ ਤੇ ਹਵਾ ਵੀ ਅੰਤਰਯਾਮੀ ਹੋ ਗਈਆਂ ਹਨ। ਤਾਰਿਆਂ ਦੀ ਲੋ ਹੇਠ ਬਜਰੇ ਜੁੜ ਜਾਂਦੇ ਹਨ, ਦਿਲ ਧੜਕਦੇ ਹਨ, ਪਰ ਦੋ ਨਹੀਂ ਇਕ ਧਾਪ ਵਜਾਂਉਦੇ ਇਕੋ ਹੋ ਰਹੇ ਹਨ। ਪ੍ਰੀਤ ਦੀ ਯੋਗ-ਨਿਦਰਾ ਵਿਚ ਸੁੱਤੇ ਰੂਹ-ਰੂਪ ਜਿਸਮ ਬਜਰੇ ਸਮੇਤ ਕੀਹ ਹੋ ਜਾਂਦੇ ਹਨ? ਲੋਪ ਹੋ ਜਾਂਦੇ ਹਨ? ਪਰ ਕਿਸਤ੍ਰਾਂ ਲੋਪ ਹੁੰਦੇ ਹਨ? ਇਹ ਸੰਗੀਤ ਦੀਆਂ ਥ੍ਰਰਾਟਾਂ ਨੂੰ, ਕੁਦਰਤ ਦੇ ਵਲ-ਵਲਿਆਂ ਨੂੰ, ਤੇ ਕਾਵਜ ਦੇ ਅਮਰ ਤੇ ਅਕਹ ਭਾਵਾਂ ਨੂੰ ਹੀ ਕੇਵਲ ਥਹੁ ਪਿਆ। ਇੱਥੇ ਹੀ ਕਵਿਤਾ ਦੀ 'ਅਕਹਤਾ' ਦਾ ਨਕਸ਼ ਬੱਝਦਾ ਹੈ, ਜੋ ਅਪਣੇ 'ਕੰਬਣੀਆਂ ਤੇ ਥ੍ਰਰਾਟਾਂ' ਦੇ ਰੂਪ ਨੂੰ ਛੇਕੜਲੇ ਬੰਦ ਵਿਚ ਇਕ ਸਦਾ ਦੀ ਥ੍ਰਿਲ* (ਥਰਰ) ਦਾ ਰੂਪ ਦੇਕੇ ਅਟਲ ਕਰ ਦੇਂਦਾ ਹੈ। ਹਾਂ, ਉਸ ਵੇਲੇ ਦੇ ਇਸ ਹੋ ਰਹੀ ਖੇਲ ਨੂੰ ਦੇਖਣ ਵਾਲੇ ਲੋਕੀ ਤੇ ਸੱਜਨ ਮਿਤ੍ਰ ਆਪੋ ਅਪਣੇ ਖਿਆਲਾਂ ਮੂਜਬ ਵਰਣਨ ਕਰਦੇ ਹਨ, ਤੇ ਕੈਹਕਾਫ਼ ਦੇ ਸੁਣੇ ਖਜਾਲ ਨੂੰ ਮੂਰਤੀਮਾਨ ਕਰਕੇ ਕਿਸੇ ਅੱਟਲ ਨਿਯਮ ਨੂੰ ਭੋਲੇਭਾ ਦਸਦੇ ਹਨ ਕਿ ਸੱਚੇ ਪ੍ਰੇਮ ਦੇ ਸਿਰ ਉਤੇ ਧੁਰ ਦਾ ਛਾਇਆ ਹੈ।

* *
*

*thrill.

ਇਸ ਕਵਿਤਾ ਵਿਚ ਨਜ਼ਾਰਾ ਕੰਮੀਆਂ (ਕਮੁਦਨੀਆਂ ਦੇ ਤਾਲ ਦਾ ਹੈ, ਕਾਲੀ ਰਾਤ ਤੇ ਬੱਦਲੀਆਂ, ਥੋੜਾ ਜਿਹਾ ਚਿਰ ਚੰਨ੍ਹ ਦਾ ਉਦਯ। ਨਿਰਮਲ ਜਲ ਦੀ ਝੀਲ ਹੈ; ਰਾਤ ਅਪਣੇ ਕੇਸਾਂ ਵਿਚ ਹੀਰੇ ਲਟਕਾਏ ਝੀਲ ਕਿਨਾਰੇ ਖੜੀ ਹੈ, ਹਨੇਰਾ ਕਿਸੇ ਅਪਣੇ ਸੰਗੀਤ ਰਸ ਵਿਚ ਗੁਮ ਹੋਏ ਬਜੱਣੀਏ ਵਾਂਙੂ ਇਕ ਸੂਖਮ ਸਰਗਮ ਦੀ ਸੁਰ ਵਜਾ ਰਿਹਾ ਹੈ, ਜਿਸਨੂੰ ਕੰਮੀਆਂ ਦੇ ਦਿਲ ਦੇ ਰੰਗ-ਰਾਗ ਵਾਂਗ ਕੋਈ ਓਪਰਾ ਕੰਨ ਸੁਣ ਨਹੀਂ ਸੱਕਦਾ, ਪਰ ਮਹਰਮ ਦਿਲ ਅਨਭਵ ਕਰ ਸੱਕਦਾ ਹੈ:—

ਦਾਦਰ ਤੂ ਕਬਹਿ ਨਿ ਜਾਨਸਿ ਰੇ॥ ਭਖਸਿ ਸਿਬਾਲ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥ ੧॥ ਰਹਾਉ॥ ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥ ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨ-ਭਉ ਕਾਰਨਿ ਰੇ॥੨॥

ਨਜਾਰੇ ਵਿਚ ਕੁਦਰਤ ਦੀਆਂ ਦਿੱਸਦੀਆਂ ਤੇ ਅਨ-ਦਿਸਦੀਆਂ ਤਾਕਤਾਂ ਸਹਾਈ ਹੋ ਰਹੀਆਂ ਹਨ। ਜੁੜੀ ਜੋੜੀ ਨੂੰ ਰਾਤ, ਹਵਾ, ਪਾਣੀ, ਬੁਜ਼ਰਾ, ਸਭ ਇਕ ਮਨ ਹੋ ਖੁੱਲ੍ਹ ਬਖਸ਼ਨ ਵਿਚ ਸਹਾਈ ਹੋ ਰਹੇ ਹਨ। ਹਾਂ ਇਸ "ਸਚ-ਪ੍ਰੇਮ" ਉੱਪਰ 'ਧੁਰ ਦਾ ਛਾਇਆ' ਹੋਣ ਦਾ ਅੱਟਲ ਨੇਮ ਇਸ ਕਵਿਤਾ ਵਿਚ ਪ੍ਰਦੀਪਤ ਹੈ।

* *
*

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.